# ਅੰਤਰਰਾਸ਼ਟਰੀ ਔਰਤਾਂ ਦਾ ਦਿਨ

**ਮੀਨਾ ਕੌਰ ਬੋਲਾ**

"ਇੱਕ ਦਿਨ ਖਾਸ (ਔਰਤਾਂ ਦੀ) ਮਹੱਤਤਾ ਮਨਾਉਣ ਲਈ ਮੈਨੂੰ ਬਹੁਤ ਖੁਸ਼ੀ ਹੋਈ।" ਇਹ ਸੀ ਇਕ ਔਰਤ ਦਾ ਜਵਾਬ ਜਿਸ ਐਬਟਸਫੋਰਡ ਦੇ ਕਮਯੁਨਿਟੀ ਸ਼ਰਵਿਸਸ ਦੇ ਅੰਤਰਰਾਸ਼ਟਰੀ ਮਹਿਲਾ ਦਿਵਸ ਤੇ ਹਾਜ਼ਰ ਸਨ। ਹਰੇਕ ਸਾਲ, ਕਮਯੁਨਿਟੀ ਕੁਨੈਕਸ਼ਨ ਪ੍ਰੋਗਰਾਮ ਅੰਤਰਰਾਸ਼ਟਰੀ ਔਰਤਾਂ ਦਾ ਦਿਨ (ਇੰਟਰਨੈਸ਼ਨਲ ਵੋਮੈਂਜ ਡੇ) ਮਨਾਉਂਦੇ ਹਨ। ਇਹ ਰਾਤ ਖਾਸ ਕੈਨੇਡਾ ਦੇ ਨਵੇਂ ਇਮੀਗਰੈਂਟ ਔਰਤਾਂ ਲਈ ਰਖਿਆ ਜਾਂਦਾ ਹੈ। ਇਹ ਸਾਲ, ਇਹ ਰਾਤ ਮਾਰਚ ਦੀ ਗਿਆਰਾਂ ਤਰੀਕ ਤੇ ਸੀ ਜਿਸ ਵਿੱਚ ਤਕਰੀਵਨ 200 ਔਰਤਾਂ ਤੇ 70 ਬੱਚੇ ਹਾਜ਼ਰ ਸਨ। ਇਸ ਲੇਡੀਜ਼ ਨਾਈਟ ਤੇ ਔਰਤਾਂ ਲਰੀ ਵੱਖ-ਵੱਖ ਮੰਨੋਰੰਜਨ ਵਾਲੀਆਂ ਚੀਜਾਂ ਸਨ, ਜਿਵੇ ਕੇ ਮਹਿੰਦੀ, ਵਾਲਾਂ ਦਾ ਸਟਾਇਲ, ਮੇਕ-ਅੱਪ, ਨੇਲ ਪਾਲਿਸ਼, ਤੇ ਹੱਥਾਂ ਦੀ ਮਸਾਜ। ਇਸ ਦੇ ਇਲਾਵਾ, ਵੱਖ-ਵੱਖ ਸਭਿਆਚਾਰ ਦਾ ਖਾਣਾ ਅਤੇ ਹੋਰ ਮੰਨੋਰੰਜਨ (ਇੰਟਰਟੇਨਮੰਟ) ਵੀ ਸੀ। ਇਸ ਰਾਤ ਤੇ ਹਰ ਔਰਤ ਨੂੰ ਮੋਕਾ ਮਿਲਦਾ ਹੈ ਦੋਸਤਾਂ-ਮਿੱਤਰਾਂ ਨਾਲ ਮੇਲ-ਜੋਲ ਕਰਨੇ ਲਈ। ਇਹ ਰਾਤ ਔਰਤਾਂ ਦੀਆਂ ਸਫਲਤਾਵਾਂ, ਅੱਜ-ਕਲ ਦੀਆਂ ਮੁਸ਼ਕਲਾਂ ਤੋਂ ਜਾਗਰਿਤ ਕਰਾਉਂਦੀ ਹੈ।

ਐਬਟਸਫੋਰਡ ਦੇ ਕਮਯੁਨਿਟੀ ਸ਼ਰਵਿਸਸ ਦੇ ਕਮਯੁਨਿਟੀ ਕੁਨੈਕਸ਼ਨ ਪ੍ਰੋਗਰਾਮ ਨਵੇਂ ਕੈਨੇਡਾ ਦੇ ਇਮੀਗਰੈਂਟ ਲੋਕਾਂ ਨੂੰ ਮੱਦਦ ਕਰਦੇ ਹਨ।ਇਹ ਪ੍ਰੋਗਰਾਮ ਇੱਕ ਨਿਸ਼ੁਲਕ ਪ੍ਰੋਗਰਾਮ ਹੈ ਜੋ ਕਿ ਨਵੇਂ ਇਮੀਗਰੈਂਟ ਲੋਕਾਂ ਦੀ ਸਹਾਇਤਾ ਕਰਨ ਲਈ ਤਿਆਰ ਕੀਤਾ ਗਿਆ ਹੈ ਤਾਂ ਕਿ ਉਹ ਕੈਨੇਡਾ ਦੀ ਨਵੀਂ ਜ਼ਿੰਦਗੀ ਵਿੱਚ ਠੀਕ ਮਹਿਸੂਸ ਕਰਨ। ਇਸ ਪ੍ਰੋਗਰਾਮ ਵਿੱਚ ਹਫਤੇ ਵਿੱਚ ਤਿੰਨ ਵਾਰ ਅੰਗਰੇਜ਼ੀ ਬੋਲਣ ਦਾ ਅਭਿਆਸ ਕਰਨ ਲਈ ਕਲਾਸਾਂ ਲਗਦੀਆਂ ਹਨ। ਸਾਡੇ ਪ੍ਰੋਗਰਾਮ ਵਿੱਚ ਇੱਕ ਔਰਤਾਂ ਲਈ ਬੁਣਾਈ ਲਈ ਵੀ ਗਰੁੱਪ ਹੈ। ਇਸ ਗਰੁੱਪ ਵਿੱਚ ਮਨੋਰੰਜਨ ਕਰਨਾਂ, ਬੁਣਾਈ ਕਰਨਾ, ਚਾਹ ਦਾ ਕੱਪ ਪੀਣਾਂ ਤੇ ਅੰਗਰੇਜ਼ੀ ਦਾ ਅਭਿਆਸ ਕਰਨਾ ਆਦਿ। ਇਹ ਗਰੁੱਪ ਹਰੇਕ ਸੋਮਵਾਰ 1-3 ਵਜੇ ਅਪੋਲੋ ਸੈਂਟਰ (3600 ਟਾਊਨ ਲਾਈਨ ਰੋਡ) ਤੇ ਹੁੰਦੀ ਹੈ। ਇਸ ਦੇ ਇਲਾਵਾ, ਸਾਡੇ ਪ੍ਰੋਗਰਾਮ ਵਿੱਚ ਤੁਸੀ ਆਪ ਦੀ ਨਾਗਰਿਕਤਾ (ਸਿਟੀਜ਼ਨ) ਦੇ ਪੇਪਰ ਭਰਨ ਲਈ ਕਲਾਸਾਂ ਲਾ ਸਕਦੇ ਹੋ। ਜਿਵੇ ਕੇ ਸਿਟੀਜ਼ਨ ਲਈ ਤਿਆਰ ਹੋਣਾਂ ਆਦਿ ਇਸ ਤੋਂ ਇਲਾਵਾ ਕੰਮਪਿਊਟਰ ਕਲਾਸਾਂ ਵੀ ਲੱਗਦੀਆਂ ਹਨ।ਇੱਕ ਵੱਡੇ ਗਰੁੱਪ ਵਿੱਚ ਮਿਲਣ-ਜੁਲਣ ਦੇ ਵੀ ਮੌਕੇ ਪ੍ਰਦਾਨ ਹੋਣਗੇ ਅਤੇ ਇੱਕ ਸਮੂਹਾਤਮਕ ਮੇਲ-ਜੋਲ ਅਤੇ ਆਪਣਾ ਇੱਕ ਭਾਈਚਾਰਾ ਕਾਇਮ ਕਰਨ ਲਈ ਵੀ ਪ੍ਰੋਤਸਾਹਿਤ ਕੀਤਾ ਜਾਵੇਗਾ।ਸਮੁਚੇ ਤੌਰ ਤੇ ਸਾਰੇ ਪ੍ਰੋਗਰਾਮ ਐਬਟਸਫੋਰਡ ਦੇ ਕਮਯੁਨਿਟੀ ਸ਼ਰਵਿਸਸ ਤੇ ਮੁਫਤ ਹਨ।

ਸ਼ਾਡੇ ਵਿੱਚ ਆ ਕੇ ਸ਼ਾਮਿਲ ਹੋ ਜਾਵੋ ਅਤੇ ਨਵੇਂ ਕੈਨੇਡੀਅਨ ਦੋਸਤ-ਮਿੱਤਰਾਂ ਨਾਲ ਮੇਲ-ਜੋਲ ਕਰਨਾ ਸ਼ੁਰੂ ਕਰੋ! ਅਸੀਂ ਤੁਹਾਡੇ ਵੱਲੋਂ ਸੰਪਰਕ ਕਰਨ ਦੀ ਉਮੀਦ ਕਰਦੇ ਹਾਂ! ਹੋਰ ਜਾਨਕਾਰੀ ਲਈ ਸੰਪਰਕ ਕਰੋ ਐਂਡਰੀਆ (Andrea) ਨੂੰ 604-217-3055 ਤੇ।